☆ ☆ ☆ ☆ ☆

ਹਰਿ-ਮਤ ਮੁਕਾਬਲਾ ਪੇਪਰ ਨੰ-੧੪

੯ ਪੋਹ ਸ਼ੈ: ਸੰ: ੪੨ (੨੩ ਦਸੰਬਰ ੨੦੦੯)

ਮਾਟੂੰਦਾ (ਰਾਜਸਥਾਨ)

ਨਾਮ . . . . . . . . . . . . . . . . . . . . . . . . . . ਆਯੂ . . . . . . . .

ਪਿੰਡ / ਸ਼ਹਿਰ . . . . . . . . . . . .

ਕੁਲ ਅੰਕ : ੧੦੦ ਸਮਾਂ : ੨ ਘੰਟੇ

☆ ☆ ☆ ☆ ☆

੧) ਥੱਲੇ ਲਿਖੇ ਸ਼ਬਦ ਨੂੰ ਪੜ੍ਹ ਵਿਚਾਰ ਕੇ ਸਬੰਧਤ ਸਵਾਲਾਂ ਦੇ ਉਤਰ ਲਿਖੋ -

ਨਾਰਦ ਕਹੇ ਜਨ ਭਗਤੋ ਕੀ ਤੁਹਾਡਾ ਇਕੋ ਪਿਓ ਦਾਦਾ, ਯਦ ਇਕੋ ਇਕ ਸੁਹਾਈਆ । ਕੀ ਤੁਹਾਡਾ ਮੇਲ ਸੀਤਾ ਰਾਮ ਕਿਸ਼ਨ ਰਾਧਾ, ਨਿਵ ਨਿਵ ਲਾਗੇ ਪਾਈਆ । ਕਿਸ ਡੋਰ ਨਾਲ ਚੋਰ ਹੋ ਕੇ ਤੁਹਾਨੂੰ ਬਾਂਧਾ, ਬੰਧਨ ਆਪਣਾ ਰਿਹਾ ਪਾਈਆ । ਤੁਹਾਨੂੰ ਮਾਣ ਦਿਤਾ ਵਧ ਸੰਤਨ ਸਾਧਾ, ਸਤਿ ਆਪਣਾ ਰੰਗ ਰੰਗਾਈਆ । ਪਰ ਯਾਦ ਕਰ ਲਓ ਆਪਣੇ ਅੰਦਰੋਂ ਕੱਢ ਦਿਓ ਹਉਮੇ ਵਾਲੀ ਆਗਾ, ਅਗਨੀ ਤਤ ਨਾ ਕੋਇ ਤਪਾਈਆ । ਵੇਖੋ ਖੇਲ ਕੰਤ ਸੁਹਾਗਾ, ਕੀ ਕਰਨੀ ਕਾਰ ਕਮਾਈਆ । ਯਾਦ ਰੱਖਣਾ ਹਾੜ ਸਤਾਰਾਂ ਸਭ ਨੇ ਇਕੋ ਪੰਗਤ ਵਿਚ ਬਹਿ ਕੇ ਖਾਣਾ ਪ੍ਰਸ਼ਾਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਹੱਥਾਂ ਉਤੇ ਉਸ ਦਾ ਲੈਣਾ ਸਵਾਦਾ, ਬਰਤਨ ਜੋੜ ਨਾ ਕੋਇ ਜੁੜਾਈਆ । ਅੰਦਰ ਪ੍ਰੇਮ ਦਾ ਹੋਵੇ ਲਾਡਾ, ਮੁਹੱਬਤ ਵਿਚ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤੁਹਾਡੇ ਅੰਤਸ਼ਕਰਨ ਵਿਚ ਹੋਵੇ ਵਾਧਾ, ਮਨਸਾ ਮਨ ਦੀ ਮਨ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਭ ਨੇ ਪਿਆਰ ਵਿਚ ਜਾਣਾ ਟਿਕ, ਆਪਣਾ ਆਸਣ ਲਾਈਆ । ਪੰਗਤ ਬਹੇਗੀ ਗੁਰਸਿੱਖ ਇਕ ਸੌ ਇਕ, ਜੀਰੋ ਇਕ ਨਾਲ ਵਡਿਆਈਆ । ਸਭ ਦੇ ਹੱਥਾਂ ਉਤੇ ਪੂਰਨ ਨਾਮ ਦੀ ਪਹਿਲੋਂ ਰਖੀ ਜਾਏਗੀ ਚਿਟ, ਖ਼ਾਲੀ ਨਜ਼ਰ ਕੋਇ ਨਾ ਆਈਆ । ਫੇਰ ਹੱਥ ਲਾਏਗਾ ਉਤੇ ਤੁਹਾਡੀ ਪਿੱਠ, ਪੁਸ਼ਤ ਪੁਨਾਹ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । (੧ ਹਾੜ ਸ਼ ਸੰ ੮)

ਹਾੜ ਸਤਾਰਾਂ ਕਹੇ ਜਨ ਭਗਤੋ ਤੁਸਾਂ ਸਤਿਜੁਗ ਦੀ ਧਾਰ ਖਾਧਾ ਲੰਗਰ, ਕਲਜੁਗ ਰੋਵੇ ਮਾਰੇ ਧਾਹੀਆ । ਜਿਸ ਲੇਖਾ ਮੁਕਾਉਣਾ ਢੋਰਾਂ ਡੰਗਰ, ਪਸ਼ੂਆਂ ਹੋਏ ਸਹਾਈਆ । ਓਹ ਮਾਲਕ ਤੁਹਾਡੇ ਵੜਨਾ ਅੰਦਰ, ਆਪਣਾ ਰੰਗ ਰੰਗਾਈਆ । ਬਜਰ ਕਪਾਟੀ ਤੋੜੇ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਮਨੂਆ ਮਨ ਨਾ ਦੌੜੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਤੁਹਾਨੂੰ ਪ੍ਰਕਾਸ਼ ਦੇਵੇ ਬਿਨਾ ਸੂਰੀਆ ਚੰਦਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਤੁਸਾਂ ਕਿਸੇ ਦਵਾਰੇ ਨਹੀਂ ਜਾਣਾ ਮੰਗਣ, ਮਾਂਗਤ ਹੋ ਨਾ ਝੋਲੀ ਡਾਹੀਆ । ਕਿਰਪਾ ਕਰੇ ਸੂਰਾ ਸਰਬੰਗਣ, ਸਿਰ ਸਿਰ ਆਪਣਾ ਹੱਥ ਰਖਾਈਆ । ਸਭ ਦੀ ਪ੍ਰਵਾਨ ਕਰੇ ਬੰਦਨ, ਹਰਿਜਨ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੇ ਵਿਛੜਿਆਂ ਟੁੱਟੀ ਆਇਆ ਗੰਢਣ, ਗੰਢ ਆਪਣਾ ਨਾਮ ਪਵਾਈਆ । (੧੭ ਹਾੜ ਸ਼ ਸੰ ੮)

ੳ) ਸਤਿਗੁਰਾਂ ਇਸ ਲੰਗਰ ਨੂੰ ਕਿਸ ਨਾਮ ਨਾਲ ਸੰਬੋਧਨ ਕੀਤਾ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨ

ਅ) ਕੀ ਸਤਿਜੁਗ ਦੀ ਧਾਰ ਦਾ ਲੰਗਰ ਪੰਗਤ ਤੋਂ ਵੱਖਰਾ ਬਹਿ ਕੇ ਖਾਣ ਦੀ ਇਜਾਜਤ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨ

ੲ) ਕੀ ਲੰਗਰ ਖਾਣ ਸਮੇਂ ਥਾਲੀ ਗਿਲਾਸ ਕੌਲੀ ਚਮਚੇ ਆਦਿ ਵਰਤਨ ਦੀ ਇਜਾਜਤ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨ

ਸ) ਪੰਗਤ ਵਿਚ ਬੈਠਣ ਸਮੇਂ ਕੀ ਕਰਨਾ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

ਹ) ਇਕ ਨਾਲ ਜੀਰੋ ਹੋਣ ਦਾ ਕੀ ਭਾਵ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

੨) ਪ੍ਰਭੂ ਕਿਸ ਤਰ੍ਹਾ ਖ਼ੁਸ਼ ਹੁੰਦਾ ? (ਪਤੀਜਦਾ)

ਮੱਥੇ ਟੇਕਿਆਂ ?

ਜ਼ਬਾਨ ਨਾਲ ਕਥਾ ਜਾਂ ਲੈਕਚਰ ਕਰ ਕੇ ?

ਜੱਥੇ ਜਾਂ ਪਾਰਟੀਆ ਬਣਾਇਆਂ ?

ਹੱਥਾਂ ਨਾਲ ਨੱਪਿਆਂ ਘੁਟਿਆਂ ?

ਰੁਪਈਏ ਭੇਟ ਕਰਨ ਤੇ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

੩) ਸਾਚੀ ਭਗਤੀ ਕੀ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

੪) ਸਾਨੂੰ ਸਾਰੇ ਲੰਗਰ ਦੀ ਸੇਵਾ ਲੈਣੀ ਚਾਹੀਦੀ ਹੈ ਜਾਂ ਸਵਾ ਸੇਰ ਭੰਡਾਰ ਲੰਗਰ ਵਿਚ ਪਾਉਣਾ ਚਾਹੀਦਾ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

੫) ਕੀ ਗੁਰਦਵਾਰੇ, ਮੰਦਰ ਜਾਂ ਦੂਸਰੇ ਧਾਰਮਿਕ ਅਸਥਾਨਾਂ ਤੇ ਵੀ ਸਾਨੂੰ ਲੰਗਰ ਦੀ ਸੇਵਾ ਕਰਨੀ ਚਾਹੀਦੀ ਹੈ ? ੫ ਨੰ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨੰ

੬) ਮਹਾਰਾਜ ਸ਼ੇਰ ਸਿੰਘ ਜੀ ਨੇ ਸਿਖਾਂ ਨੂੰ ਬੈਠਕ ਬਣਾਉਣ ਤੋਂ ਕਿਉਂ ਮਨਾਂ ਕੀਤਾ ? ੫ ਨ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . ੫ ਨ

੭) ਇਕ ਗੁਰਸਿਖ ਹੋਣ ਦੇ ਨਾਤੇ –

ਸ਼ਾਦੀ ਤੋਂ ਬਾਅਦ ਤੁਹਾਡੀ ਸੱਸ ਜਾਂ ਸੌਹਰੇ ਪਰਿਵਾਰ ਦਾ ਦੂਸਰਾ ਮੈਬਰ ਤੁਹਾਡੇ ਵਿਚ ਬਹੁਤ ਗਲਤੀਆਂ ਕਢਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ ? ੫ ਨੰ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . .

ਜਾਂ

ਸ਼ਾਦੀ ਤੋਂ ਬਾਅਦ ਘਰ ਆਇਆ ਨਵਾਂ ਗੁਰਸਿਖ (ਬਹੂ) ਆਪਣੀ ਸੱਸ ਜਾਂ ਸੌਹਰੇ ਪਰਿਵਾਰ ਦੇ ਦੂਸਰੇ ਮੈਬਰਾਂ ਵਿਚ ਬਹੁਤ ਗਲਤੀਆਂ ਕਢਦੀ ਹੈ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ ? ੫ ਨੰ

. . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . .

ਜਾਂ

ਕੋਈ ਗੁਰਸਿਖ ਸਾਡੇ ਕੋਲ ਕਿਸੇ ਦੂਸਰੇ ਗੁਰਸਿਖ ਨੂੰ ਨਿੰਦਦਾ ਹੈ, ਚਾਹੇ ਓਹ ਸਚ ਹੀ ਬੋਲਦਾ ਹੈ, ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ ? ੫ ਨੰ

. . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . .

੮) ਸਤਿਗੁਰਾਂ ਦੇ ਟੂਰ ਪ੍ਰੋਗਰਾਮ ਰੱਖਣ ਲਈ ਕਿਸ ਤੋਂ ਮਨਜੂਰੀ ਲੈਣੀ ਚਾਹੀਦੀ ਹੈ ? ੫ ਨੰ

. . . . . . . . . . . . . . . . . . . . . . . . . . . . . . . . . . .

੯) ਸਤਿਗੁਰਾਂ ਦੇ ਟੂਰ ਪ੍ਰੋਗਰਾਮ ਤੇ ਕਿਸ ਨੂੰ ਜਰੂਰ ਹੀ ਸੱਦਾ ਦੇਣਾ ਚਾਹੀਦਾ ਹੈ ? ੫ ਨੰ

. . . . . . . . . . . . . . . . . . . . . . . . . . . . . . . . . . .

੧੦) ਇਕ ਬਾਪ (ਸਤਿਗੁਰ) ਹੋਣ ਦੇ ਨਾਤੇ, ਆਪਣੇ ਬੱਚਿਆਂ (ਭਗਤਾਂ) ਨੂੰ ਸਭ ਕੁਛ ਦੇਣਾ ਹੈ, ਬੱਚਿਆਂ ਤੋਂ ਕੀ ਉਮੀਦ ਰਖਦਾ ਹੈ ? ੫ ਨੰ

. . . . . . . . . . . . . . . . . . . . . . . . . . . . . . . . . . .

੧੧) "ਸੋਹੰ ਸ਼ਬਦ ਸਚ ਜੀਵ ਵਣਜ ਵਪਾਰ"<br>
"ਸੋਹੰ ਵਣਜ ਕਰ ਬਣ ਵਣਜਾਰਾ"<br>
"ਸੋਹੰ ਵਣਜ ਕਰ, ਗਵਾ ਜਾਈਂ ਨਾ ਮੂਲ"

ਸੋਹੰ ਦਾ ਵਣਜ ਕਿਸ ਤਰਾਂ ਕਰੀਏ ? ੧੦ ਨੰ

. . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . .

੧੨) ਜੀਵ ਵਿਚ ਉਹ ਤਿੰਨ ਗੁਣ ਕਿਹੜੇ ਹਨ ਜੋ ਪ੍ਰਮਾਤਮਾ ਨੂੰ ਭਾਉਂਦੇ ਹਨ ? ੧੦ ਨੰ

. . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . .

੧੩) ਸਤਿਗੁਰਾਂ ਦੇ ਟੂਰ ਪ੍ਰੋਗਰਾਮਾਂ ਤੇ ਰਸਤੇ ਵਿਚ ਜਾਂ ਉਥੇ ਜਾ ਕੇ ਸਾਨੂੰ ਕੀ ਕੀ ਕਰਨਾ ਚਾਹੀਦਾ ਹੈ ਅਤੇ ਕੀ ਕੀ ਨਹੀਂ ਕਰਨਾ ਚਾਹੀਦਾ ?

ਕੋਈ ਪੰਜ ਪੰਜ ਗੱਲਾਂ ਲਿਖੋ । ੧੦ ਨੰ

. . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . .